York Region
DISTRICT SCHOOL BOARD
InspireLearnin

# ਆਪਣੇ ਬੱਚੇ ਨਾਲ ਘਰੇਲੂ ਭਾਸ਼ਾਵਾਂ ਵਿੱਚ ਗੱਲਾਂ ਕਰਨਾ

ਕਿੰਡਰਗਾਰਟਨ ਵਿੱਚ ਪੜਨ ਵਾਲੇ ਬੱਚਿਆਂ ਦੇ ਪਰਿਵਾਰਾਂ ਵਾਸਤੇ ਇੱਕ ਸ੍ਰੋਤ

ਇੱਕ ਨਵੀਂ ਭਾਸ਼ਾ ਸਿੱਖ ਰਹੇ ਬੱਚੇ ਦੇ ਮਾਪੇ ਵਜੋਂ, ਆਪਣੇ ਬੱਚੇ ਦੀਆਂ ਘਰ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਨੂੰ ਬਣਾਈ ਰੱਖਣ ਵਿੱਚ ਤੁਸੀਂ ਅਹਿਮ ਰੋਲ ਅਦਾ ਕਰਦੇ ਹੋ। ਖੋਜ ਦਰਸਾਉਂਦੀ ਹੈ ਕਿ ਦੋ ਜਾਂ ਵੱਧ ਭਾਸ਼ਾਵਾਂ ਬੋਲਣ ਨਾਲ ਬੱਚਿਆਂ ਦੀ ਸਲਾਮਤੀ, ਭਾਸ਼ਾ ਅਤੇ ਸਾਖਰਤਾ ਵਿਕਾਸ, ਸੋਚ ਵਿਚਾਰ ਅਤੇ ਦਲੀਲ ਕਰਨ, ਅਤੇ ਵਿੱਦਿਅਕ ਹੁਨਰ ਸਿੱਖਣ ਵਿੱਚ ਲਾਭ ਹੁੰਦਾ ਹੈ।



## ਬੱਚੇ ਜਿਹੜੇ ਅਨੇਕ ਭਾਸ਼ਾਵਾਂ ਬੋਲਦੇ ਹਨ:

### ਸਲਾਮਤੀ

- ਆਪਣੇ ਮੂਲ ਨਾਲ ਮਜ਼ਬੂਤ ਸਾਂਝ ਵਿਕਸਤ ਕਰਦੇ ਹਨ।
- ਆਪਣੇ ਸੱਭਿਆਚਾਰਾਂ ਅਤੇ ਕਮਿਉਨਿਟੀਆਂ ਨਾਲ ਜੁੜਦੇ ਹਨ।
- ਸਵੈ ਵਿਸ਼ਵਾਸ਼ ਹਾਸਲ ਕਰਦੇ ਹਨ ਅਤੇ ਹਾਂ ਪੱਖੀ ਸਵੈ ਭਰੋਸਾ ਵਿਕਸਤ ਕਰਦੇ ਹਨ।
- ਮਜ਼ਬੂਤ ਪਰਿਵਾਰਕ ਸਬੰਧ ਵਿਕਸਤ ਕਰਦੇ ਹਨ।

### ਭਾਸ਼ਾ ਅਤੇ ਸਾਖਰਤਾ ਦੇ ਹੁਨਰ

- ਸਾਖਰਤਾ ਦੇ ਹੁਨਰਾਂ ਨੂੰ ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਤਬਦੀਲ ਕਰ ਸਕਦੇ ਹਨ।
- ਘਰ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਗ੍ਰਹਿਣ ਕੀਤੀਆਂ ਪੜਨ ਅਤੇ ਲਿਖਣ ਦੀਆਂ ਤਰਕੀਬਾਂ ਨੂੰ ਹੋਰ ਭਾਸ਼ਾ ਸਿੱਖਣ ਵਿੱਚ ਇਸਤੇਮਾਲ ਕਰ ਸਕਦੇ ਹਨ।

### ਸੋਚ ਵਿਚਾਰ ਅਤੇ ਦਲੀਲ ਕਰਨ ਦੇ ਹੁਨਰ

- ਲਚਕੀਲੇ ਢੰਗ ਨਾਲ ਸੋਚ ਸਕਦਾ ਹੈ।
- ਪੇਚੀਦਾ ਭਾਸ਼ਾ ਵਰਤ ਕੇ ਪਰਿਵਾਰ ਦੇ ਜੀਆਂ ਨਾਲ ਸੋਚ ਅਤੇ ਖਿਆਲ ਸਾਂਝੇ ਕਰ ਸਕਦਾ ਹੈ।
- ਯੋਜਨਾ ਬਣਾਉਣ ਅਤੇ ਸਮੱਸਿਆਵਾਂ ਸੁਲਝਾਉਣ ਦੇ ਹੁਨਰ ਵਿਕਸਤ ਕਰਦਾ ਹੈ।

### ਵਿੱਦਿਅਕ ਹੁਨਰ

- ਆਪਣੀ ਪੜਾਈ ਵਿੱਚ ਜੋਖਮ ਚੁੱਕਣ ਦੀ ਹਿੰਮਤ ਕਰਦਾ ਹੈ।
- ਢੁੱਕਵੀਂ ਜਾਣਕਾਰੀ ਉੱਤੇ ਅਸਰਦਾਰ ਢੰਗ ਨਾਲ ਕੇਂਦਰਿਤ ਹੁੰਦਾ ਹੈ।

# ਆਪਣੇ ਬੱਚੇ ਨਾਲ ਘਰ ਦੀ ਭਾਸ਼ਾ ਵਿੱਚ ਬੋਲੋ

ਜ਼ੁਬਾਨੀ ਭਾਸ਼ਾ ਦਾ ਵਿਕਾਸ ਕਰਨ ਵਿੱਚ ਮਦਦ ਲਈ:

- ਬੱਚੇ ਨਾਲ ਮਿਲ ਕੇ ਖੇਡਣ ਵੇਲੇ ਗੱਲਾਂ ਕਰੋ, ਅਤੇ ਜੋ ਤੁਸੀਂ ਗਤੀਵਿਧੀਆਂ ਕਰਦੇ ਹੋ, ਉਹਨਾਂ ਬਾਰੇ ਵਿਚਾਰ ਕਰੋ।
- ਜਦੋਂ ਮਿਲ ਕੇ ਸਰਲ ਕੰਮ ਕਰਦੇ ਹੋ, ਇਸ ਬਾਰੇ ਗੱਲ ਕਰੋ ਕਿ ਪਹਿਲਾਂ ਕੀ ਕੀਤਾ ਸੀ, ਅਗਲਾ ਕਦਮ ਕੀ ਸੀ ਅਤੇ ਆਖਰ ਵਿੱਚ ਕੀ ਕੀਤਾ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਕਿਸੇ ਪਰਿਵਾਰ ਦੇ ਮੈਂਬਰ ਨੂੰ ਦੱਸੇ ਕਿ ਕੋਈ ਖੇਡ ਕਿਵੇਂ ਖੇਡਣੀ ਹੈ ਜਾਂ ਗਤੀਵਿਧੀ ਕਿਵੇਂ ਕਰਨੀ ਹੈ।

ਸਾਖਰਤਾ ਹੁਨਰਾਂ ਵਿੱਚ ਮਦਦ ਕਰਨ ਲਈ:

- ਆਪਣੇ ਬੱਚੇ ਨਾਲ ਹਰ ਰੋਜ਼ ਮਿਲ ਕੇ ਪੜ੍ਹੋ ਅਤੇ ਕਹਾਣੀ ਬਾਰੇ ਗੱਲਾਂ ਕਰੋ, ਜਿਵੇਂ ਕਿ ਕਹਾਣੀ ਤੁਹਾਨੂੰ ਕਿਸ ਚੀਜ਼ ਬਾਰੇ ਚੇਤਾ ਕਰਵਾਉਂਦੀ ਹੈ।
- ਆਪਣੇ ਘਰ ਦੀਆਂ ਭਾਸ਼ਾਵਾਂ ਵਿੱਚ ਪੜ੍ਹਨ ਲਈ ਬੱਚੇ ਦੀ ਮਦਦ ਕਰੋ।
- ਆਪਣੇ ਬੱਚੇ ਨੂੰ ਅਵਸਰ ਦੇਵੋ ਕਿ ਉਹ ਤੁਹਾਨੂੰ ਘਰ ਦੀਆਂ ਭਾਸ਼ਾਵਾਂ ਵਿੱਚ ਪੜ੍ਹਦੇ ਹੋਏ ਵੇਖੇ।

**Supporting English Language Learners in Kindergarten, 2007* ਵਿੱਚੋਂ ਅਪਣਾਇਆ ਗਿਆ।

## ਸਕੂਲ ਵਿਖੇ ਆਪਣੇ ਬੱਚੇ ਦੇ ਭਾਸ਼ਾ ਵਿਕਾਸ ਵਿੱਚ ਮਦਦ ਕਰੋ

ਆਪਣੇ ਬੱਚੇ ਦੇ ਕਿੰਡਰਗਾਰਟਨ ਅਧਿਆਪਕਾਂ ਨਾਲ ਅਕਸਰ ਗੱਲ ਕਰੋ ਅਤੇ ਜਾਣਕਾਰੀ ਸਾਂਝੀ ਕਰੋ। ਤੁਸੀਂ ਕਰ ਸਕਦੇ ਹੋ:

- ਉਹਨਾਂ ਨਾਲ ਆਪਣੇ ਬੱਚੇ ਦੇ ਚੰਗੇ ਗੁਣ ਅਤੇ ਰੁਚੀਆਂ ਸਾਂਝੀਆਂ ਕਰ ਸਕਦੇ ਹੋ।
- ਕਿੰਡਰਗਾਰਟਨ ਟੀਮ ਨਾਲ ਪੜ੍ਹਾਈ ਦੇ ਉਹ ਅਨੁਭਵ ਸਾਂਝੇ ਕਰੋ ਜਿਹੜੇ ਬੱਚੇ ਨੇ ਸਕੂਲ ਤੋਂ ਬਾਹਰ ਸਿੱਖੇ ਹੋਣ।
- ਪੁੱਛੋ ਕਿ ਉਹ ਤੁਹਾਡੇ ਬੱਚੇ ਦੀ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਵਿੱਚ ਕਿਵੇਂ ਮਦਦ ਕਰ ਰਹੇ ਹਨ।
- ਪੁੱਛੋ ਕਿ ਉਹ ਤੁਹਾਡੇ ਬੱਚੇ ਦੀ ਘਰ ਦੀ ਭਾਸ਼ਾ ਅਤੇ ਦੂਜੀਆਂ ਕਮਿਉਨਿਟੀ ਬੋਲੀਆਂ ਤੋਂ ਕਿਵੇਂ ਲਾਭ ਪ੍ਰਾਪਤ ਕਰ ਰਹੇ ਹਨ।
- ਪੁੱਛੋ ਕਿ ਖੇਡ ਰਾਹੀਂ ਤੁਹਾਡੇ ਬੱਚੇ ਦੀ ਜ਼ੁਬਾਨੀ ਭਾਸ਼ਾ ਦਾ ਵਿਕਾਸ ਕਿਵੇਂ ਹੋ ਰਿਹਾ ਹੈ।




ਗਰਾਫਿਕ *Ontario Ministry of Education 2017* ਤੋਂ ਅਪਣਾਇਆ ਗਿਆ

## ਹਵਾਲੇ